# HEMODIALYSIS AND TRAVELLING

FOR PATIENTS **LIVING IN BRITISH COLUMBIA** WHO WANT TO TRAVEL (IN OR OUTSIDE BC)

BCRenal an agency of the Provincial Health Services Authority

# ਡਾਇਲਿਸਸ ਤੇ ਸਫਰ

## ਬਰਿਟਿਸ਼ ਕੋਲੰਬੀਆ ਵਿਚ ਰਹਿੰਦੇ ਮਰੀਜ਼ਾਂ ਲਈ ਜੋ ਸਫਰ ਤੇ ਜਾਣਾ ਚਾਹੁੰਦੇ ਹਨ ( ਬੀ ਸੀ ਵਿਚ ਜਾਂ ਇਸ ਤੋਂ ਬਾਹਰ)

---

ਜੇ ਤੁਸੀਂ ਡਾਇਲਿਸਸ ਤੇ ਹੋ ਤਾਂ ਵੀ ਸਫਰ ਕਰ ਸਕਦੇ ਹੋ। ਇਹ ਇਕ ਸਟੈਪ ਬਾਈ ਸਟੈਪ ਗਾਈਡ ਹੈ ਜੋ ਤੁਹਾਨੂੰ ਘਰੋਂ ਬਾਹਰ ਹੋਣ ਵੇਲੇ ਡਾਇਲਿਸਸ ਪਲੈਨ ਕਰਨ ਵਿਚ ਮਦਦ ਕਰ ਸਕਦੀ ਹੈ।ਜਦੋਂ ਤੁਸੀਂ ਅਪਣਾ ਡਾਇਲਿਸਸ ਕਰਨ ਦਾ ਪ੍ਰਬੰਧ ਕਰ ਲੈਂਦੇ ਹੋ ( ਇਸ ਲਿਸਟ ਵਿਚ 1-3 ਨੰਬਰ ਸਟੈਪ), ਤੁਹਾਡੀ ਡਾਇਲਿਸਸ ਯੂਨਿਟ ਤੁਹਾਡੀ ਚੁਣੀ ਹੋਈ ਡਾਇਲਿਸਸ ਯੂਨਿਟ ਨਾਲ ਤੁਹਾਡੇ ਇਲਾਜ ਬਾਰੇ ਸਲਾਹ ਤੇ ਤਾਲਮੇਲ ਕਰੇਗੀ।

ਅਪਣੇ ਸਫਰ ਦੀ ਪਹਿਲਾਂ ਪਲੈਨਿੰਗ ਕਰ ਲਵੋ।ਸਫਰ ਕਰਨ ਤੋਂ ਘਟੋ ਘਟ ਤਿਨ ਮਹੀਨੇ ਪਹਿਲਾਂ ਅਪਣੇ ਚੁਣੇ ਹੋਏ ਡਾਇਲਿਸਸ ਯੂਨਿਟ ਨਾਲ ਸੰਪਰਕ ਕਰੋ
(ਜਿੰਨਾ ਪਹਿਲਾਂ ਕਰੋਂਗੇ, ਉਨਾਂ ਹੀ ਚੰਗਾ ਹੈ)

ਜਦੋਂ ਤਕ ਚੁਣੀ ਹੋਈ ਡਾਇਲਿਸਸ ਯੂਨਿਟ ਤੁਹਾਨੂੰ ਹਾਂ ਨਹੀਂ ਕਹਿੰਦੀ, ਅਪਣੀ ਯਾਤਰਾ ਬੁੱਕ ਨਾ ਕਰੋ

### ਇਹ ਸਟੈਪ ਲਵੋ:

☐ 1. ਅਪਣੇ ਕਿਡਨੀ ਡਾਕਟਰ ਨਾਲ ਗਲਬਾਤ ਕਰੋ, ਪੱਕਾ ਕਰਨ ਲਈ ਕਿ ਤੁਸੀਂ ਸਫਰ ਕਰਨ ਦੇ ਕਾਬਲ ਹੋ।
- ਤੁਸੀਂ ਡਾਇਲਸਸ ਨਾਲ ਮੈਡੀਕਲੀ ਸੁਰੱਖਿਅਤ ਹੋ
- ਤੁਹਾਡੇ ਖੂਨ ਦਾ ਦੌਰਾ ਸਥਿਰ ਹੈ ਤੇ ਗਰਾਫਟ ਜਾਂ ਪੱਕਾ ਸੈਂਟਰਲ ਲਾਈਨ ਕੈਥੇਟਰ ਤੇ ਨਾੜੀਆਂ ਦਾ ਕੰਮਕਾਜ ਠੀਕ ਹੈ ਆਰਜ਼ੀ ਇਲਾਜੀ ਪ੍ਰਬੰਧ ਪ੍ਰਵਾਨ ਨਹੀਂ ਹਨ
- ਤੁਹਾਡੀਆਂ ਮੈਡੀਕਲ ਤੇ ਡਾਇਲਿਸਸ ਲੋੜਾਂ ਜਾਣ ਵਾਲੇ ਡਾਇਲਿਸਸ ਯੂਨਿਟ ਤੇ ਪੂਰੀਆਂ ਹੋਣਗੀਆਂ।

☐ 2. ਜਦੋਂ ਤੁਸੀਂ ਫੈਸਲਾ ਕਰ ਲਿਆ ਕਿ ਤੁਸੀਂ ਕਿੱਥੇ ਸਫਰ ਕਰਨਾ ਚਾਹੁੰਦੇ ਹੋ ਤਾਂ ਉਥੇ ਨੇੜੇ ਦੀ ਡਾਇਲਿਸਸ ਯੂਨਿਟ ਬਾਰੇ ਪਤਾ ਕਰੋ। ਇਹ ਵੈਬਸਾਈਟਾਂ (ਕੰਪਿਊਟਰ ਤੇ ਇੰਟਰਨੈਟ ਰਾਹੀਂ ਜਾਣਕਾਰੀ ) ਡਾਇਲਿਸਸ ਯੂਨਿਟ ਲੱਭਣ ਵਿਚ ਮਦਦ ਕਰ ਸਕਦੀਆਂ ਹਨ:
- ਬੀ ਸੀ ਵਿਚ ਸਫਰ ਲਈ :
  www.bcrenalagency.ca; 'ਕਿਡਨੀ ਸੇਵਾਵਾਂ' ਸਫੇ ਤੇ ਸੰਪਰਕ ਜਾਣਕਾਰੀ ਮਿਲਦੀ ਹੈ ਤੇ ਜਗਾਹ ਲੱਭਣ ਵਿਚ ਮੱਦਦ ਮਿਲਦੀ ਹੈ।
- ਬੀ ਸੀ ਤੋਂ ਬਾਹਰ ਸਫਰ ਲਈ:
- www.globaldialysis.com.
- http://kidney.ca/document.doc?id=359 (ਕਰੂਜ਼ ਅਤੇ ਰੀਜ਼ਾਰਟ ਆਦਿ ਉਪਰ ਮਰੀਜ਼ਾਂ ਲਈ ਸਥਾਪਤ ਡਾਇਲਿਸਸ ਯੂਨਿਟਾਂ ਦੇ ਲਿੰਕ ਬਾਰੇ ਜਾਣਕਾਰੀ ਦਿੰਦੀ ਹੈ)

☐ 3. ਜਿਸ ਜਗਾਹ ਤੁਸੀਂ ਜਾਣਾ ਚਾਹੁੰਦੇ ਹੋ, ਉਸ ਡਾਇਲਿਸਸ ਯੂਨਿਟ ਨੂੰ ਫੋਨ ਕਰੋ ਤੇ ਪਤਾ ਕਰੋ ਕਿ ਉਹਨਾਂ ਤਰੀਕਾਂ ਵਿਚ ਜਗਾ ਮਿਲ ਸਕਦੀ ਹੈ।ਜਦੋਂ ਤਕ ਡਾਇਲਿਸਸ ਯੂਨਿਟ ਤੁਹਾਨੂੰ ਹਾਂ ਨਹੀਂ ਕਰਦੀ ਅਪਣਾ ਸਫਰ ਬੁੱਕ ਨਾ ਕਰੋ।ਡਾਇਲਿਸਸ ਯੂਨਿਟ ਨੂੰ ਪੱਕਾ ਹੋਵੇ ਕਿ ਉਹ ਤੁਹਾਡੀਆਂ ਮੈਡੀਕਲ ਤੇ ਡਾਇਲਿਸਸ ਲੋੜਾਂ ਪੂਰੀਆਂ ਕਰਨ ਦੇ ਯੋਗ ਤੇ ਸਮਰਥ ਹੋਵੇ। ਇਹ ਵੀ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਟਰੈਵਲ ਇੰਸ਼ੋਰੈਂਸ ਕਰਵਾ ਲਵੋ। (ਵੇਖੋ ਪਾਇੰਟ #12)

☐ 4. ਹਰ ਇਲਾਜ, ਡਾਇਲਿਸਸ ਤੇ ਹੋਰ ਮੈਡੀਕਲ ਅਪਾਇੰਟਮੈਂਟ ਤੇ ਟੈਸਟਾਂ ਦੀ ਕੀਮਤ ਬਾਰੇ ਪਤਾ ਕਰੋ

ਕੈਨੇਡਾ ਵਿਚ ਸਫਰ ਦੌਰਾਨ ( ਕਿਊਬਕ ਛੱਡ ਕੇ ) ਸੂਬਿਆਂ ਵਿਚ ਆਪਸੀ ਸਮਝੌਤੇ ਰਾਹੀਂ ਇਲਾਜ ਕੀਤਾ ਜਾਂਦਾ ਹੈ। ਕਿਊਬਕ ਇਸ ਸਮਝੌਤੇ ਦਾ ਹਿਸਾ ਨਹੀਂ ਹੈ।

# ਡਾਇਲਿਸਸ ਤੇ ਸਫਰ

## ਬਰਿਟਿਸ਼ ਕੋਲੰਬੀਆ ਵਿਚ ਰਹਿੰਦੇ ਮਰੀਜ਼ਾਂ ਲਈ ਜੋ ਸਫਰ ਤੇ ਜਾਣਾ ਚਾਹੁੰਦੇ ਹਨ ( ਬੀ ਸੀ ਵਿਚ ਜਾਂ ਇਸ ਤੋਂ ਬਾਹਰ)

ਕੈਨੇਡਾ ਤੋਂ ਬਾਹਰ ਜਾਂ ਕਿਊਬਕ ਵਿਚ ਸਫਰ ਬਾਰੇ:

- ਜਾਣ ਵਾਲੀ ਡਾਇਲਿਸਸ ਯੂਨਿਟ ਨੂੰ ਤੁਸੀਂ ਡਾਇਲਿਸਸ ਤੇ ਡਾਕਟਰੀ ਅਪਾਇੰਟਮੈਂਟ, ਟੈਸਟਾਂ ਜਾਂ ਇਲਾਜ ਦੇ ਸਾਰੇ ਪੈਸੇ ਪਹਿਲਾਂ ਦੇਣੇ ਹੋਣਗੇ, ਬਾਰੇ ਗਲ ਕਰੋ।ਪੈਸੇ ਬਾਰੇ ਪਹਿਲਾਂ ਪਤਾ ਕਰ ਲਵੋ ਕਿਉਂਕਿ ਹਰ ਥਾਂ ਇਹ ਅਲਗ ਅਲਗ ਹੈ।
- ਅਪਣੀਆਂ ਮੈਡੀਕਲ ਦੀਆਂ ਰਸੀਦਾਂ ਸਾਂਭ ਕੇ ਰਖੋ, ਜੇ ਸੰਭਵ ਹੈ ਤਾਂ ਤਰੀਖ ਵਾਰ ਰਖੋ। ਇਹਨਾਂ ਨੂੰ ਅਪਣੀ ਹੈਲਥ ਇੰਸ਼ੋਰੈਂਸ ਬੀ. ਸੀ. (HIBC) ਦੇ ਇਲਾਜ ਉਪਰ ਖਰਚੇ ਪੈਸੇ ਦੀ ਵਾਪਸੀ ਵਾਲੇ (ਰੀਇੰਬਰਸਮੈਂਟ) ਫਾਰਮ ਨਾਲ ਲਾਵੋ। ਇਕ ਕਾਪੀ ਅਪਣੇ ਰੀਕਾਰਡ ਲਈ ਰਖੋ।
- ਹੈਲਥ ਇੰਸ਼ੋਰੈਂਸ ਬੀ. ਸੀ. (HIBC) ਡਾਇਲਿਸਸ ਦੇ ਬੀ. ਸੀ. ਵਿਚ ਦਿਤੇ ਜਾਣ ਵਾਲੇ ਪੈਸੇ ਨਾਲੋਂ ਵਧ ਪੈਸੇ ਨਹੀਂ ਦੇਣਗੇ।ਹੈਲਥ ਇੰਸ਼ੋਰੈਂਸ ਬੀ. ਸੀ. (HIBC) ਨੂੰ ਮੌਜੂਦਾ ਡਾਇਲਿਸਸ ਦੇ ਰੇਟ ਬਾਰੇ ਫੋਨ ਕਰੋ। (ਫੋਨ:604-683-7151 ਜਾਂ 1-800-663-7100). ਜੇ ਜਾਣ ਵਾਲੀ ਯੂਨਿਟ ਦੇ ਰੇਟ ਹੈਲਥ ਇੰਸ਼ੋਰੈਂਸ ਬੀ. ਸੀ. (HIBC) ਦੇ ਰੇਟ ਨਾਲੋਂ ਵਧ ਹਨ ਤਾਂ ਵਾਧੂ ਪੈਸੇ ਤੁਹਾਨੂੰ ਖੁਦ ਦੇਣੇ ਪੈਣਗੇ।
- ਜੇ ਡਾਕਟਰ ਤੁਹਾਨੂੰ ਦੇਖਦਾ ਹੈ ਤੇ ਡਾਇਲਿਸਸ ਤੋਂ ਇਲਾਵਾ ਵਖਰੇ ਪੈਸੇ ਲੈਂਦਾ ਹੈ ਤਾਂ , ਹੈਲਥ ਇੰਸ਼ੋਰੈਂਸ ਬੀ. ਸੀ. (HIBC) ਤੁਹਾਨੂੰ ਇਕ ਨਿਸਚਿਤ ਕੀਮਤ ਦਿੰਦਾ ਹੈ।
- ਹੋਰ ਜਾਣਕਾਰੀ ਲਈ (HIBC) ਦੀ ਵੈਬਸਾਈਟ www.health.gov.bc.ca/msp/infoben/pdf/leaving-bc-brochure.pdf. ਪੜੋ; ਜਾਂ (HIBC) ਨੂੰ 604-683-7151 ਤੇ ਫੋਨ ਕਰੋ ਜਾਂ ਲੋਅਰ ਮੇਨਲੈਂਡ ਤੋਂ ਬਾਹਰ ਹੋ ਤਾਂ 1-800-663-7100 ਤੇ ਫੋਨ ਕਰੋ.

ਜੇ ਡਾਇਲਿਸਸ ਦੇ ਪੈਸੇ ਪਹਿਲਾਂ ਦੇਣੇ ਮੁਸ਼ਕਿਲ ਲਗਦੇ ਹਨ ਤਾਂ ਅਪਣੇ ਸੋਸ਼ਲ ਵਰਕਰ ਨਾਲ ਗਲ ਕਰੋ।ਕਿਡਨੀ ਫਾਊਂਡੇਸ਼ਨ ਆਫ ਕੈਨੇਡਾ ਬੀ. ਸੀ. ਤੇ ਯੂਕੋਨ ਬਰਾਂਚ ਦਾ ਇਕ ਆਰਜ਼ੀ ਲੋਨ ਪ੍ਰੋਗਰਾਮ ਵੀ ਹੈ ਜੋ 1000 ਡਾਲਰ ਤਕ ਦੀ ਅਦਾਇਗੀ ਕਰਨ ਵਿਚ ਮਦਦ ਕਰਦੇ ਹਨ।ਕਿਡਨੀ ਫਾਊਂਡੇਸ਼ਨ ਤੁਹਾਡੀ ਵਾਪਸੀ ਦੇ 4 ਮਹੀਨੇ ਦੇ ਅੰਦਰ ਵਿਚ ਪਹਿਲਾਂ ਸਾਈਨ ਕੀਤੇ ਅਗਲੀ ਤਰੀਕ ਦੇ ਚੈਕ ਅਦਾਇਗੀ ਕਰਦੀ ਹੈ।ਜੇ ਸਾਲ ਵਿਚ ਇਕ ਸਾਲ ਤੋਂ ਵਧ ਵਾਰੀ ਸਫਰ ਕਰਦੇ ਹੋ ਤਾਂ 1000 ਡਾਲਰ ਦੇ ਕਈ ਲੋਨ ਮਿਲ ਸਕਦੇ ਹਨ ਬਸ਼ਰਤਿ ਕਿ ਪਹਿਲੇ ਲੋਨ ਵਾਪਸ ਕਰ ਦਿਤੇ ਗਏ ਹਨ।

☐ 5. ਜਦੋਂ ਤੁਸੀਂ ਜਾਣ ਵਾਲੀ ਯੂਨਿਟ ਨਾਲ ਸੰਪਰਕ ਕਰ ਲਿਆ ਤਾਂ ਸਟਾਫ ਤੁਹਾਡੀ ਘਰੇਲੂ ਯੂਨਿਟ ਨਾਲ ਮੈਡੀਕਲ ਰੀਕਾਰਡ ਬਾਰੇ ਸੰਪਰਕ ਕਰੇਗਾ।ਜੇ ਲੋੜ ਹੋਈ ਤਾਂ ਤੁਹਾਡੀ ਘਰੇਲੂ ਯੂਨਿਟ,ਹੋਰ ਟੈਸਟਾਂ ਦਾ ਪ੍ਰਬੰਧ ਕਰੇਗੀ।

☐ 6. ਜਾਣ ਵਾਲੀ ਯੂਨਿਟ ਤੁਹਾਡੇ ਮੈਡੀਕਲ ਰੀਕਾਰਡ ਦੇਖੇਗੀ।ਫਿਰ ਉਹ ਤੁਹਾਨੂੰ ਦਸਣਗੇ ਕਿ ਉਹ ਤੁਹਾਡੀਆਂ ਮੈਡੀਕਲ ਤੇ ਡਾਇਲਿਸਸ ਲੋੜਾਂ ਪੂਰੀਆਂ ਕਰ ਸਕਦੇ ਹਨ ਤੇ ਨਾਲ ਹੀ ਕਿ ਜਗਾਹ ਉਪਲਬਧ ਹੈ। ਜਦੋਂ ਉਹ ਤੁਹਾਡੇ ਨਾਲ ਸੰਪਰਕ ਕਰਦੇ ਹਨ ਉਸ ਸਮੇਂ ਤੁਸੀਂ ਅਪਣਾ ਸਫਰ ਦਾ ਪੱਕਾ ਪ੍ਰਬੰਧ ਕਰ ਸਕਦੇ ਹੋ।

☐ 7. ਅਪਣੀ ਇੰਚਾਰਜ ਨਰਸ ਅਤੇ ਸੋਸ਼ਲ ਵਰਕਰ ਨੂੰ ਅਪਣੇ ਸਫਰ ਦੀਆਂ ਤਰੀਕਾਂ ਦਸੋ। ਤੁਹਾਡੀ ਘਰੇਲੂ ਯੂਨਿਟ ਤੇ ਜਾਣ ਵਾਲੀ ਯੂਨਿਟ ਆਪਸ ਵਿਚ ਸੰਪਰਕ ਕਰਨਗੇ ਤੇ ਤੁਹਾਡੀ ਪਿਛਲੀ ਡਾਇਲਿਸਸ ਤਰੀਕ ਤੇ ਆਉਣ ਵਾਲੀ ਡਾਇਲਿਸਸ ਤਰੀਕ ਬਾਰੇ ਤਾਲਮੇਲ ਕਰਨਗੇ।

☐ 8. ਅਪਣੀ ਫਾਰਮੇਸੀ ਨਾਲ ਗਲ ਕਰੋ ਤਾਂ ਕਿ ਸਫਰ ਦੌਰਾਨ ਤੁਹਾਡੇ ਕੋਲ ਪੂਰੀ ਦਵਾਈ ਹੋਵੇ।

<u>ਜੇ ਤੁਸੀਂ ਬੀ. ਸੀ. ਨਿਵਾਸੀ ਹੋ ਤੇ ਬੀ. ਸੀ . ਵਿਚ ਸਫਰ ਕਰ ਰਹੇ ਹੋ:</u>

- ਅਪਣੀਆਂ ਜੋ ਦਵਾਈਆਂ ਤੁਸੀਂ ਲੈਂਦੇ ਹੋ ਤੁਹਾਨੂੰ ਲਿਆਉਣੀਆਂ ਚਾਹੀਦੀਆਂ ਹਨ।
- ਟੀਕੇ ਰਾਹੀਂ ਜਾਂ ਨਾੜ ਰਾਹੀਂ ਦੇਣ ਵਾਲੀਆਂ ਬਹੁਤੀਆਂ ਦਵਾਈਆਂ ਜਾਣ ਵਾਲੀ ਯੁਨਿਟ ਵਲੋਂ ਦਿਤੀਆਂ ਜਾਣਗੀਆਂ।
- ਜੇ ਤੁਸੀਂ ਲੋਅ ਮੌਲੀਕਿਊਲਰ ਵੇਟ ਵਾਲੀ ਹੈਪਾਰਿਨ ਵਰਤਦੇ ਹੋ ਤਾਂ ਜਾਣ ਵਾਲੀ ਯੁਨਿਟ ਕੋਲੋਂ ਪੁੱਛੋ ਕਿ ਤੁਹਾਨੂੰ ਅਪਣੀ ਲਿਆਉਣ ਦੀ ਲੋੜ ਤਾਂ ਨਹੀਂ।
- ਜੇ ਤੁਸੀਂ ਟੀਕਾ ਲਾਉਣ ਤੋਂ ਪਹਿਲਾਂ ਚਮੜੀ ਸੁੰਨ ਕਰਨ ਲਈ ਐਮਲਾ ਜਾਂ ਕੋਈ ਹੋਰ ਕਰੀਮ ਵਰਤਦੇ ਹੋ ਤਾਂ ਓਹ ਕੋਲ ਰਖੋ।ਜੇ ਤੁਸੀਂ ਲੀਡੋਕੇਨ ਜਾਂ ਕੋਈ ਹੋਰ ਟੀਕਾ ਚਮੜੀ ਸੁੰਨ ਕਰਨ ਲਈ ਵਰਤਦੇ ਹੋ ਤਾਂ ਜਾਣ ਵਾਲੀ ਯੁਨਿਟ ਕੋਲੋਂ ਪੁੱਛੋ ਕਿ ਤੁਹਾਨੂੰ ਅਪਣਾ ਲਿਆਉਣ ਦੀ ਲੋੜ ਤਾਂ ਨਹੀ।

<u>ਜੇ ਤੁਸੀਂ ਬੀ.ਸੀ. ਨਿਵਾਸੀ ਹੋ ਤੇ ਬੀ.ਸੀ. ਤੋਂ ਬਾਹਰ ਸਫਰ ਕਰ ਰਹੇ ਹੋ:</u>

- ਜੋ ਵੀ ਦਵਾਈਆਂ ਤੁਸੀਂ ਵਰਤਦੇ ਹੋ ਉਹ ਸਭ ਤੁਸੀਂ ਨਾਲ ਲਿਜਾਓ।ਇਸ ਵਿਚ ਟੀਕੇ ਰਾਹੀਂ ਤੇ ਨਾੜ ਰਾਹੀਂ ਦੇਣ ਵਾਲੀਆਂ ਦਵਾਈਆਂ ਜਿਵੇਂ ਏਰੀਥਰੋਪੋਇਸਿਸ ਸਟਿਮੂਲੈਂਟ ਏਜੰਟ {ਏਰੀਥਰੋਪੋਇਟੀਨ ( ਈ ਪੀ ਓ) ਤੇ ਡਾਰਬੀਪੋਇਟੀਨ(ਈਰਾਨੈਸਪ), ਆਇਰਨ ਤੇ ਲੋਅ ਮਾਲੀਕਿਊਲਰ ਵੇਟ ਹੈਪਾਰਿਨ.
- ਏਰੀਥਰੋਪੋਇਸਿਸ ਸਟਿਮੂਲੈਂਟ ਏਜੰਟ ਠੰਡੇ ਰਖਣੇ ਪੈਂਦੇ ਹਨ (2-8 ਡਿਗਰੀ ਸੈਲਸੀਅਸ) ਅਪਣੇ ਯੁਨਿਟ ਨੂੰ ਪੁਛੋ ਕਿ ਦਵਾਈ ਨੂੰ ਠੀਕ ਤਾਪਮਾਨ ਤੇ ਰਖਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ।
- ਜੇ ਤੁਸੀਂ ਟੀਕਾ ਲਾਉਣ ਤੋਂ ਪਹਿਲਾਂ ਚਮੜੀ ਸੁੰਨ ਕਰਨ ਲਈ ਐਮਲਾ ਜਾਂ ਕੋਈ ਹੋਰ ਕਰੀਮ ਵਰਤਦੇ ਹੋ ਤਾਂ ਓਹ ਕੋਲ ਰਖੋ।ਜੇ ਤੁਸੀਂ

# ਡਾਇਲਿਸਸ ਤੇ ਸਫਰ

## ਬਰਿਟਿਸ਼ ਕੋਲੰਬੀਆ ਵਿਚ ਰਹਿੰਦੇ ਮਰੀਜ਼ਾਂ ਲਈ ਜੋ ਸਫਰ ਤੇ ਜਾਣਾ ਚਾਹੁੰਦੇ ਹਨ (ਬੀ ਸੀ ਵਿਚ ਜਾਂ ਇਸ ਤੋਂ ਬਾਹਰ)

ਲੀਡੋਕੇਨ ਜਾਂ ਕੋਈ ਹੋਰ ਟੀਕਾ ਚਮੜੀ ਸੁੰਨ ਕਰਨ ਲਈ ਵਰਤਦੇ ਹੋ ਤਾਂ ਜਾਣ ਵਾਲੀ ਯੁਨਿਟ ਕੋਲੋਂ ਪੁੱਛੋ ਕਿ ਤੁਹਾਨੂੰ ਅਪਣਾ ਲਿਆਉਣ ਦੀ ਲੋੜ ਤਾਂ ਨਹੀ।

- ਅਪਣੇ ਘਰੇਲੂ ਡਾਇਲਿਸਸ ਯੁਨਿਟ ਨੂੰ ਕਹੋ ਕਿ ਤੁਹਾਨੂੰ ਇਕ ਚਿੱਠੀ ਦੇਣ ਜਿਸ ਕਾਰਨ ਤੁਸੀਂ ਸਕਿਓਰਿਟੀ ਵਿਚੋਂ ਅਪਣੀਆਂ ਸਰਿੰਜਾਂ ਤੇ ਦਵਾਈਆਂ ਆਰਾਮ ਨਾਲ ਲਿਜਾ ਸਕੋ।( ਇਕ ਆਮ ਚਿੱਠੀ www.bcrenalagency.ca ਉਪਰ ਹੈ ਜੋ ਤੁਸੀਂ ਆਸਾਨੀ ਨਾਲ ਪ੍ਰਿੰਟ ਕਰ ਕੇ ਅਪਣੇ ਕਿਡਨੀ ਡਾਕਟਰ ਤੋਂ ਦਸਤਖਤ ਕਰਵਾ ਸਕਦੇ ਹੋ।)

☐ 9. ਜੇ ਤੁਹਾਡੀਆਂ ਵਿਸ਼ੇਸ਼ ਲੋੜਾਂ ਹਨ, ਅਲਰਜੀਆਂ ਜਾਂ ਡਾਇਲਿਸਸ ਦੀਆਂ ਵਸਤੂਆਂ ਤੋਂ ਖਾਸ ਅਲਰਜੀ ਹੈ ਤਾਂ ਜਾਣ ਵਾਲੀ ਯੁਨਿਟ ਨਾਲ ਸੰਪਰਕ ਕਰੋ ਕਿ ਤੁਹਾਨੂੰ ਅਪਣੀਆਂ ਲਿਆਉਣ ਦੀ ਲੋੜ ਹੈ। ਮਿਸਾਲ ਵਜੋਂ:
- ਡਾਇਲਾਇਜ਼ਰਜ਼ (ਹਰ ਇਲਾਜ ਵਾਸਤੇ ਕਾਫੀ ਹੋਣ ਤੇ ਕੁਝ ਵਾਧੂ ਵੀ)
- ਡਾਇਲਿਸਸ ਦੀਆਂ ਸੂਈਆਂ (ਹਰ ਇਲਾਜ ਵਾਸਤੇ ਕਾਫੀ ਹੋਣ ਤੇ ਕੁਝ ਵਾਧੂ ਵੀ)

☐ 10. ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲ ਸਕਦੇ ਤਾਂ ਜਾਣ ਵਾਲੀ ਡਾਇਲਿਸਸ ਯੁਨਿਟ ਤੇ ਪਹਿਲੇ ਇਕ ਦੋ ਵਾਰ ਦੁਭਾਸ਼ੀਆ ਨਾਲ ਲਿਆਓ।

☐ 11. ਕਿਰਪਾ ਕਰਕੇ ਸਹਿਯੋਗੀ ਹੋਵੋ।ਜਾਣ ਵਾਲੀ ਯੁਨਿਟ ਤੁਹਾਡੀ ਬੇਨਤੀ ਨੂੰ ਪੂਰਾ ਕਰਨ ਦੀ ਹਰ ਕੋਸ਼ਿਸ਼ ਕਰੇਗੀ।ਪਰ ਉਹਨਾਂ ਨੂੰ ਤੁਹਾਡੀ ਇਲਾਜ ਦੀ ਜਗਾਹ ਜਾਂ ਸਮਾਂ ਬਦਲਣਾ ਪੈ ਸਕਦਾ ਹੈ।ਉਹਨਾਂ ਨੂੰ ਅਨੇਕਾਂ ਮਰੀਜ਼ਾਂ ਦੀਆਂ ਲੋੜਾਂ ਦਾ ਵੀ ਖਿਆਲ ਰਖਣਾ ਪੈਂਦਾ ਹੈ। ਜੇ ਕੋਈ ਤਬਦੀਲੀ ਹੋਵੇ ਤਾਂ ਤੁਹਾਨੂੰ ਪਹਿਲਾਂ ਦਸਿਆ ਜਾਵੇਗਾ।

☐ 12. ਇਹ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਟਰੈਵਲ ਇੰਸ਼ੋਰੈਂਸ ਕਰਵਾ ਲਵੋ।ਪੱਕਾ ਕਰੋ ਕਿ ਤੁਹਾਡੀ ਇੰਸ਼ੋਰੈਂਸ ਇਲਾਜ ਵਾਸਤੇ ਜਗਾਹ ਬਦਲਣੀ (ਮੈਡੀਕਲ ਇਵੈਕੁਏਸ਼ਨ) ਕਵਰ ਕਰਦੀ ਹੈ।ਜੇ ਕੋਈ ਮੈਡੀਕਲ ਐਮਰਜੈਂਸੀ ਹੋਵੇ ਤੇ ਇਸ ਲਈ ਬੀ. ਸੀ. ਤੋਂ ਬਾਹਰ ਇਲਾਜ ਲਈ ਜਾਣਾ ਪਵੇ ਜਾਂ ਘਰ ਵਾਪਸੀ ਲਿਜਾਣ ਦਾ ਖਰਚਾ ਬਹੁਤ ਜ਼ਿਆਦਾ ਹੋ ਸਕਦਾ ਹੈ।

☐ 13. ਜੇ ਤੁਸੀਂ ਬੀ. ਸੀ. ਤੋਂ ਬਾਹਰ ਸਫਰ ਕਰ ਰਹੇ ਹੋ ਤਾਂ ਖਰਚਾ ਵਾਪਸ ਲੈਣ ਬਾਰੇ ਇਹ ਕੁਝ ਜ਼ਰੂਰੀ ਨੁਕਤੇ ਹਨ:
- ਹਰ ਡਾਇਲਿਸਸ ਤੋਂ ਬਾਦ 90 ਦਿਨ ਦਾ ਸਮਾਂ ਹੁੰਦਾ ਹੈ ਜਿਸ ਵਿਚ ਤੁਸੀਂ ਪੈਸੇ ਵਾਪਸ ਲੈ ਸਕਦੇ ਹੋ।ਜੇ ਮੈਡੀਕਲ ਇਲਾਜ ਖਰਚੇ ਦੀ ਰਸੀਦ 90 ਦਿਨ ਤੋਂ ਪੁਰਾਣੀ ਹੈ ਤਾਂ HIBC ਇਹ ਪੈਸੇ ਨਹੀਂ ਦੇਵੇਗੀ।
- ਜੇ ਤੁਸੀਂ 3 ਮਹੀਨੇ ਤੋਂ ਜ਼ਿਆਦਾ ਸਮਾਂ ਸਫਰ ਉਪਰ ਹੋ ਤਾਂ ਕਿਸੇ ਪਰਿਵਾਰਕ ਮੈਂਬਰ ਨਾਲ ਗਲ ਕਰ ਕੇ ਹਰ ਤਿਨ ਮਹੀਨੇ ਦੀਆਂ ਰਸੀਦਾਂ HIBC ਕੋਲ ਪਹੁੰਚਾਓ।ਇਸ ਨਾਲ ਤੁਸੀਂ HIBC ਦੀ 90 ਦਿਨਾ ਵਾਲੀ ਸ਼ਰਤ ਪੂਰੀ ਕਰਨ ਦੇ ਕਾਬਲ ਹੋਵੋਂਗੇ। ਪੈਸੇ ਵਾਪਸ ਲੈਣ (ਰੀਇੰਬਰਸਮੈਂਟ) ਦਾ ਫਾਰਮ ਵੈਬਸਾਈਟ ਉਪਰ ਹੈ। www.health.gov.bc.ca/exforms/msp/2814fil.pdf.
- ਤੁਹਾਨੂੰ ਡਾਇਲਿਸਸ ਦੇ ਖਰਚੇ ਦੇ ਪੈਸੇ ਵਾਪਸ ਮਿਲਣ ਵਿਚ 2 ਤੋਂ 3 ਮਹੀਨੇ ਲਗ ਸਕਦੇ ਹਨ।ਪੈਸੇ ਵਾਪਸ ਮਿਲਣ ਤਕ ਅਪਣਾ ਮਾਲੀ ਪ੍ਰਬੰਧ ਕਰ ਲਵੋ।
ਜੇ ਤੁਹਾਡਾ ਕੋਈ ਸਵਾਲ ਹੈ ਤਾਂ ਤੁਹਾਡਾ ਸੋਸ਼ਲ ਵਰਕਰ ਹੋਰ ਜਾਣਕਾਰੀ ਦੇ ਸਕਦਾ ਹੈ।

ਇਸ ਪੈਂਫਲਟ ਵਿਚ ਦਿਤੀ ਜਾਣਕਾਰੀ ਤੁਹਾਡੇ ਗਿਆਨ ਤੇ ਤੁਹਾਡੀ ਸਿਹਤ ਸੰਭਾਲ ਟੀਮ ਲਈ ਤੁਹਾਡੀ ਬੀਮਾਰੀ ਦੀ ਹਾਲਤ ਦੇ ਇਲਾਜ ਵਿਚ ਮਦਦ ਕਰਨ ਵਾਸਤੇ ਦਿਤੀ ਗਈ ਹੈ।ਇਸ ਵਿਚ ਕੋਈ ਡਾਕਟਰੀ ਸਲਾਹ ਨਹੀਂ ਅਤੇ ਇਹ ਤੁਹਾਡੇ ਡਾਕਟਰ ਜਾਂ ਹੋਰ ਸਿਹਤ ਸੰਭਾਲ ਪ੍ਰੋਫੈਸ਼ਨਲ ਦੀ ਸਲਾਹ ਦੀ ਜਗਾਹ ਨਹੀਂ ਲੈ ਸਕਦਾ।